ਦਫਤਰ ਡਾਇਰੈਕਟਰ ਜ਼ਨਰਲ ਸਕੂਲ ਸਿੱਖਿਆ,ਪੰਜਾਬ
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:/ਐ:ਸਿ:)
ਰਾਜ ਦੇ ਸਮੂਹ ਸਕੂਲ ਮੁੱਖੀ

ਮੀਮੋ ਨੰ:9/7-2015 ਵਜੀਫਾ(5)
ਮਿਤੀ: 5-6-18

ਵਿਸ਼ਾ:- ਸਕੂਲ/ਕਾਲਜਾਂ ਵੱਲੋਂ ਉਸਾਰੀ ਕਿਰਤੀਆਂ ਦੇ ਫਾਰਮਾਂ ਉੱਤੇ ਤਸਦੀਕ ਨਾ ਕਰਨ ਸਬੰਧੀ।

ਉਕਤ ਵਿਸ਼ੇ ਸਬੰਧੀ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਰਾਜ ਵਿੱਚ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੜ੍ਹਾਈ ਲਈ ਉਤਸ਼ਾਹਿਤ ਕਰਨ ਲਈ ਵਜੀਫਾ ਸਕੀਮ ਚਲਾਈ ਜਾ ਰਹੀ ਹੈ। ਇਸ ਵਜੀਫ਼ਾ ਸਕੀਮ ਅਧੀਨ ਪਹਿਲੀ ਕਲਾਸ ਤੋਂ ਲੈ ਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ 3000/-ਰੁ: ਤੋਂ ਲੈ ਕੇ 70000/-ਰ: (ਹੋਸਟਲ ਖਰਚੇ ਸਮੇਤ) ਪ੍ਰਤੀ ਸਾਲ ਵਜੀਫਾ ਦਿੱਤਾ ਜਾਂਦਾ ਹੈ। **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਵੱਲੋਂ ਸਪਸ਼ਟ ਕੀਤਾ ਗਿਆ ਹੈ ਕਿ "ਜੇਕਰ ਅਜਿਹਾ ਵਜੀਫਾ ਪੰਜਾਬ ਸਰਕਾਰ ਦੀ ਕਿਸੇ ਵੀ ਹੋਰ ਸੰਸਥਾ ਵੱਲੋਂ ਦਿੱਤਾ ਜਾ ਰਿਹਾ ਹੋਵੇ ਤਾਂ ਵੀ ਉਸਾਰੀ ਕਿਰਤੀ ਦੇ ਬੱਚੇ ਬੋਰਡ ਵੱਲੋਂ ਇਹ ਵਜੀਫਾ ਲੈਣ ਦੇ ਹੱਕਦਾਰ ਹਨ।"**

ਕਿਰਤ ਵਿਭਾਗ ਵੱਲੋਂ ਇਹ ਧਿਆਨ ਵਿੱਚ ਲਿਆਂਦਾ ਹੈ ਕਿ ਸਕੂਲ ਮੁੱਖੀਆਂ ਵੱਲੋਂ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜੀਫਾ ਫਾਰਮ ਤਸਦੀਕ ਕਰਨ ਲਈ ਟਾਲ ਮਟੋਲ ਕੀਤੀ ਜਾ ਰਹੀ ਹੈ ਅਤੇ ਸਮੇਂ ਸਿਰ ਲੋੜੀਂਦੀ ਵੈਰੀਫਿਕੇਸ਼ਨ ਕਰਕੇ ਨਹੀਂ ਦਿੱਤੀ ਜਾਂਦੀ। **ਇਸ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਸਾਰੀ ਕਿਰਤੀਆਂ ਦੇ ਬੱਚਿਆਂ ਦੇ ਵਜੀਫਾ ਫਾਰਮ ਪਹਿਲ ਦੇ ਆਧਾਰ ਤੇ ਤਸਦੀਕ ਕਰਨੇ ਯਕੀਨੀ ਬਣਾਏ ਜਾਣ।**

ਸਕੱਤਰ ਸਕੂਲ ਸਿੱਖਿਆ,ਪੰਜਾਬ

ਉਤਾਰਾ:-

ਪੰਜਾਬ ਸਰਕਾਰ, ਪ੍ਰਮੁੱਖ ਸਕੱਤਰ, ਕਿਰਤ ਵਿਭਾਗ , ਕਮਰਾ ਨੰ: 624, 6ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।